**<u>ਅੰਤਰਰਾਸ਼ਟਰੀ ਸੁਰੱਖਿਆ ਐਕਟ 2015</u>**

**[ਅੰਤਰਰਾਸ਼ਟਰੀ ਸੁਰੱਖਿਆ ਐਕਟ, 2015 ਦੇ ਸੈਕਸ਼ਨ 70 (10) (ਏ) ਤਹਿਤ ਸਟੇਟਮੈਂਟ ਮੁਹੱਈਆ ਕਰਨ ਲਈ]**

**<u>ਜਾਣਕਾਰੀ ਨੋਟ - ਅਸਥਾਈ ਪ੍ਰਬੰਧ</u>**

**<u>ਅੰਤਰਰਾਸ਼ਟਰੀ ਸੁਰੱਖਿਆ (ਸ਼ਰਣਾਰਥੀ ਰੁਤਬਾ ਅਤੇ ਸਹਾਇਕ ਸੁਰੱਖਿਆ) ਲਈ ਅਰਜੀਆਂ ਦੀ ਜਾਂਚ ਅਤੇ ਸੁਦ੍ਰਿੜੀਕਰਣ ਲਈ ਇੱਕੋ ਇੱਕ ਐਪਲੀਕੇਸ਼ਨ ਪ੍ਰਕਿਰਿਆ ਅਤੇ ਬਣੇ ਰਹਿਣ ਲਈ ਸਵੀਕ੍ਰਿਤੀ ਨਾਲ ਜਾਣ-ਪਛਾਣ</u>**

**ਇਹ ਸਟੇਟਮੈਂਟ ਕੇਵਲ ਸੂਚਨਾ ਅਤੇ ਨਿਰਦੇਸ਼ ਹਿੱਤ ਹੈ। ਇਹ ਕਾਨੂੰਨੀ ਸੁਝਾਵ ਨਹੀਂ ਹੈ ਅਤੇ ਇਸ ਦਾ ਮਕਸਦ ਅੰਤਰਰਾਸ਼ਟਰੀ ਸੁਰੱਖਿਆ ਐਕਟ, 2015 ਦੀ ਇੱਕ ਕਾਨੂੰਨੀ ਵਿਆਖਿਆ ਕਰਨਾ ਨਹੀਂ ਹੈ। ਇਹ ਨੋਟ ਕੇਵਲ ਉਨ੍ਹਾਂ ਕੇਸਾਂ ਦੀਆਂ ਮੁੱਖ ਸ਼੍ਰੇਣੀਆ ਨੂੰ ਸੰਬੋਧਿਤ ਹੈ ਜਿਹੜੇ ਅੰਤਰਰਾਸ਼ਟਰੀ ਸੁਰੱਖਿਆ ਐਕਟ, 2015 ਦੇ ਅਸਥਾਈ ਪ੍ਰਾਵਧਾਨਾਂ ਰਾਹੀਂ ਪ੍ਰਭਾਵਿਤ ਹਨ। ਇਹ ਉਨ੍ਹਾਂ ਸਾਰੀਆਂ ਸੰਭਾਵਿਤ ਹਾਲਤਾਂ ਨੂੰ ਸੰਬੋਧਿਤ ਨਹੀਂ ਹੈ ਜਿੱਥੇ ਅਸਥਾਈ ਪ੍ਰਾਵਧਾਨ ਲਾਗੂ ਹੋ ਸਕਦੇ ਹਨ। ਜੇਕਰ ਤੁਹਾਨੂੰ 2015 ਐਕਟ ਤੇ ਹੋਰ ਵਿਸਤ੍ਰਿਤ ਜਾਣਕਾਰੀ ਅਤੇ ਇਸ ਦੇ ਪ੍ਰਾਵਧਾਨਾਂ ਦੀ ਲੋੜ ਹੋਵੇ ਜਿਵੇਂ ਉਹ ਤੁਹਾਡੇ ਕੇਸ ਵਿੱਚ ਲਾਗੂ ਹੋ ਸਕਦੇ ਹਨ, ਤਾਂ ਤੁਸੀਂ ਕਾਨੂੰਨੀ ਸੁਝਾਵ ਪ੍ਰਾਪਤ ਕਰਨਾ ਚਾਹੀਦਾ ਹੈ।**

**<u>ਇਸ ਸੂਚਨਾ ਨੋਟ ਨੂੰ ਅੰਤਰਰਾਸ਼ਟਰੀ ਸੁਰੱਖਿਆ (IPO 1) ਲਈ ਬਿਨੈਕਾਰਾਂ ਅਤੇ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ (IPO 2) ਲਈ ਬਿਨੈਪੱਤਰ ਲਈ ਵੱਖਰੀ ਸੂਚਨਾ ਪੁਸਤਿਕਾ ਨਾਲ ਜੋੜ ਕੇ ਪੜ੍ਹਨਾ ਚਾਹੀਦਾ ਹੈ ਜਿਨ੍ਹਾਂ ਨੱਥੀ ਕੀਤਾ ਗਿਆ ਹੈ।</u>**

## 1. ਜਾਣ-ਪਛਾਣ

1.1 ਅੰਤਰਰਾਸ਼ਟਰੀ ਸੁਰੱਖਿਆ ਐਕਟ, 2015 (2015 ਐਕਟ) ਨੂੰ ਨਿਆਂ ਅਤੇ ਸਮਾਨਤਾ ਬਾਰੇ ਮੰਤਰੀ (”ਮੰਤਰੀ”) **ਦੁਆਰਾ 31 ਦਸੰਬਰ 2016** ਨੂੰ ਸ਼ੁਰੂ ਕੀਤਾ ਗਿਆ ਸੀ। ਇਸ ਨੋਟ ਵਿੱਚ, ਇਸ ਨੂੰ “ਆਰੰਭਿਕ ਮਿਤੀ” ਵਜੋਂ ਸੰਦ੍ਰਭਿਤ ਕੀਤਾ ਜਾਂਦਾ ਹੈ।

1.2 ਇਹ ਸੂਚਨਾ ਨੋਟ ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਐਕਟ, 2015 ਤਹਿਤ ਅੰਤਰਰਾਸ਼ਟਰੀ ਸੁਰੱਖਿਆ (ਸ਼ਰਣਾਰਥੀ ਰੁਤਬੇ ਅਤੇ ਸਹਾਇਕ ਸੁਰੱਖਿਆ) ਲਈ ਅਰਜੀਆਂ ਦੀ ਜਾਂਚ ਅਤੇ ਸੁਦ੍ਰਿੜੀਕਰਣ (ਪ੍ਰਕਿਰਿਆ ਦੀਆਂ ਕੁੱਝ ਸਟੇਜਾਂ ਤੇ) ਨੂੰ ਸੰਚਾਲਿਤ ਕਰਨ ਲਈ ਅਸਥਾਈ ਪ੍ਰਬੰਧਾਂ ਦੇ ਵੇਰਵੇ ਪ੍ਰਦਾਨ ਕਰਦਾ ਹੈ, ਜਿਨ੍ਹਾਂ ਨੂੰ ਆਰੰਭਤਾ ਦੀ ਮਿਤੀ ਤੋਂ ਪਹਿਲਾਂ ਰਾਜ (ਆਇਰਲੈਂਡ) ਵਿੱਚ ਤਿਆਰ ਕੀਤਾ ਗਿਆ ਸੀ। ਇਹ ਬਣੇ ਰਹਿਣ ਲਈ ਸਵੀਕ੍ਰਿਤੀ ਦੇ ਸੰਬੰਧ ਵਿੱਚ ਕੁੱਝ ਕੁ ਵੇਰਵੇ ਵੀ ਪ੍ਰਦਾਨ ਕਰਦਾ ਹੈ।

1.3 ਇਸ ਦਾ ਮਕਸਦ ਸਥਾਂਨਤਰਣ ਕਰਨ ਵਿੱਚ ਲਾਗੂ ਕਰਨ ਲਈ ਪ੍ਰਬੰਧਾਂ ਨੂੰ ਸਮਝਣ ਵਿੱਚ ਤੁਹਾਡੀ ਮਦਦ ਕਰਨਾ ਹੈ -

- ਸ਼ਰਣਾਰਥੀ ਐਪਲੀਕੇਸ਼ਨਜ਼ ਕਮਿਸ਼ਨਰ ਦੇ ਦਫ਼ਤਰ (ORAC) ਤੋਂ ਸ਼ਰਣਾਰਥੀ ਰੁਤਬੇ ਅਤੇ ਸਹਾਇਕ ਸੁਰੱਖਿਆ ਲਈ ਕੁੱਝ ਕੁ ਅਰਜੀਆਂ (ORAC) ਅਤੇ

- ਸ਼ਰਣਾਰਥੀ ਅਪੀਲਜ਼ ਟ੍ਰਿਬਿਊਨਲ (RAT)

ਵਲੋਂ ਕੁੱਝ ਕੁ ਸ਼ਰਣਾਰਥੀ ਅਪੀਲਜ਼ ਜਿਨ੍ਹਾਂ ਨੂੰ 2015 ਐਕਟ ਤਹਿਤ ਪ੍ਰਕਿਰਿਆ ਦੇ ਪ੍ਰਕਿਰਿਆ ਪੂਰਾ ਕਰਨ ਲਈ ਆਇਰਿਸ਼ ਨੈਚੁਰਾਲਾਈਜੇਸ਼ਨ ਅਤੇ ਇਮੀਗ੍ਰੇਸ਼ਨ ਸਰਵਿਸ ਦੇ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਲਈ 31 ਦਸੰਬਰ 2016 ਤੋਂ ਪਹਿਲਾਂ ਤਿਆਰ ਕੀਤਾ ਗਿਆ ਸੀ।

1.4 ਉਨ੍ਹਾਂ ਆਧਾਰਾਂ ਤੇ ਵਧੇਰੇ ਵਿਸਤ੍ਰਿਤ ਜਾਣਕਾਰੀ ਜਿਨ੍ਹਾਂ ਤੇ ਇੱਕ ਵਿਅਕਤੀ ਸ਼ਰਣਾਰਥੀ ਦੀ ਘੋਸ਼ਣਾ ਜਾਂ ਸਹਾਇਕ ਸੁਰੱਖਿਆ ਰੁਤਬੇ ਲਈ ਹੱਕਦਾਰ ਹੁੰਦਾ ਹੈ ਅਤੇ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ (IPO) ਵਿੱਚ ਲਾਗੂ ਕਰਨ ਲਈ ਪ੍ਰਕਿਰਿਆਵਾਂ ਨੂੰ ਅੰਤਰਰਾਸ਼ਟਰੀ ਸੁਰੱਖਿਆ (IPO 1) ਲਈ ਬਿਨੈਕਾਰਾਂ ਲਈ ਨੱਥੀ ਕੀਤੀ ਗਈ ਸੂਚਨਾ ਪੁਸਤਿਕਾ ਵਿੱਚ ਦਰਸਾਇਆ ਗਿਆ ਹੈ। ਇਹ ਪੁਸਤਿਕਾ ਇਹ ਵੀ ਵਰਣਨ ਕਰਦੀ ਹੈ ਕਿ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਬਿਨੈਕਾਰ ਵਜੋਂ ਤੁਹਾਡੇ ਅਧਿਕਾਰ ਅਤੇ ਫਰਜ਼ ਕਿਹੜੇ ਹਨ ਅਤੇ ਅਰਜੀ ਪ੍ਰਕਿਰਿਆ ਦੌਰਾਨ ਤੁਹਾਡੇ ਨਾਲ ਕੌਣ ਕੰਮ ਕਰੇਗਾ। ਇਹ ਕਿਤਾਬ ਉਨ੍ਹਾਂ ਪ੍ਰਕਿਰਿਆਵਾਂ ਬਾਰੇ ਵੀ ਵਿਆਖਿਆ ਕਰਦੀ ਹੈ ਜਿਹੜੀ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਲੋੜ ਤੋਂ ਇਲਾਵਾ ਦੂਜੇ ਆਧਾਰਾਂ ਤੇ ਮੰਤਰੀ ਦੁਆਰਾ ਬਣੇ ਰਹਿਣ ਲਈ ਸਵੀਕ੍ਰਿਤੀ ਦੀ ਵਿਚਾਰ ਤੇ ਲਾਗੂ ਹੁੰਦੀ ਹੈ।

1.5 ਅਸੀਂ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ (IPO 2) ਲਈ ਅਰਜੀ ਨੂੰ ਵੀ ਨੱਥੀ ਕਰਦੇ ਹਾਂ।

1.6 ਇਹ ਮਹੱਤਵਪੂਰਣ ਹੈ ਅਤੇ ਇਸ ਸੂਚਨਾ ਨੋਟ ਅਤੇ ਨੱਥੀ ਕੀਤੀ ਸੂਚਨਾ ਪੁਸਤਿਕਾ ਅਤੇ ਪ੍ਰਸ਼ਨਾਵਲੀ ਨੂੰ ਧਿਆਨਪੂਰਵਕ ਪੜ੍ਹਨ ਲਈ ਤੁਹਾਡੇ ਹਿੱਤ ਵਿੱਚ ਅਤੇ ਲੋੜ ਅਨੁਸਾਰ ਕਾਨੂੰਨੀ ਸਲਾਹ ਪ੍ਰਾਪਤ ਕਰਨ ਲਈ ਤਾਂ ਕਿ ਤੁਸੀਂ ਆਪਣੀ ਅਰਜੀ ਦਾ ਸਮਰਥਨ ਕਰਨ ਦੀ ਹਾਲਤ ਵਿੱਚ ਹੋਵੋ ਅਤੇ **ਇਹ ਸੁਨਿਸ਼ਚਿਤ ਕਰਨ ਲਈ ਜੋ ਤੁਸੀਂ ਸਮਝਦੇ ਹੋਵੋ ਕਿ 2015 ਐਕਟ ਦੇ ਅਸਥਾਈ ਪ੍ਰਬੰਧ ਤੁਹਾਡੇ ਉੱਪਰ ਕਿਵੇਂ ਲਾਗੂ ਹੁੰਦੇ ਹਨ।**

## 2. **ਅੰਤਰਰਾਸ਼ਟਰੀ ਸੁਰੱਖਿਆ ਐਕਟ** 2015 **ਦਾ ਉਦੇਸ਼**

2.1 2015 ਐਕਟ ਇੱਕ ਇਕੱਲੀ ਐਪਲੀਕੇਸ਼ਨ ਪ੍ਰਕਿਰਿਆ ਦੀ ਜਾਣ-ਪਛਾਣ ਪ੍ਰਦਾਨ ਕਰਦਾ ਹੈ ਜਿਹੜਾ ਅੰਤਰਰਾਸ਼ਟਰੀ ਸੁਰੱਖਿਆ (ਸ਼ਰਣਾਰਥੀ ਰੁਤਬਾ ਅਤੇ ਸਹਾਇਕ ਸੁਰੱਖਿਆ) ਅਤੇ ਰਾਜ ਵਿੱਚ ਬਣੇ ਰਹਿਣ ਲਈ ਸਵੀਕ੍ਰਿਤੀ ਪ੍ਰਾਪਤ ਕਰਨ ਲਈ ਇੱਕ ਨਿਰੰਤਰ ਪ੍ਰਕਿਰਿਆ ਵਿੱਚ ਜਾਂਚ ਕਰਨ ਅਤੇ ਸੁਨਿਸ਼ਚਿਤ ਬਣਾਉਣ ਲਈ ਸਾਰੇ ਆਧਾਰਾਂ ਨੂੰ ਯੋਗ ਬਣਾਉਂਦਾ ਹੈ।

2.2 2015 ਐਕਟ ਵਿੱਚ ਅਸਥਾਈ ਪ੍ਰਬੰਧ ਮੌਜੂਦ ਹਨ ਜਿਹੜੇ ਸ਼ਰਣਾਰਥੀ ਰੁਤਬੇ ਅਤੇ ਸਹਾਇਕ ਸੁਰੱਖਿਆ ਲਈ ਕੁੱਝ ਕੁ ਅਰਜੀਆਂ ਤੇ ਲਾਗੂ ਹੁੰਦੇ ਹਨ ਜਿਨ੍ਹਾਂ ਨੂੰ ਆਰੰਭਿਕ ਮਿਤੀ ਤੋਂ ਪਹਿਲਾਂ ਤਿਆਰ ਕੀਤਾ ਗਿਆ ਸੀ (**ਦੇਖੋ ਸੈਕਸ਼ਨ 4)**।

**3. 2015 ਐਕਤ ਤਹਿਤ ਅਰਜੀਆਂ ਅਤੇ ਅਪੀਲਾਂ ਨੂੰ ਕੌਣ ਸੁਨਿਸ਼ਚਿਤ ਕਰੇਗਾ**?

3.1 2015 ਐਕਟ ਦੇ ਤਹਿਤ, ORAC ਨੂੰ ਸਮਾਪਤ ਕਰ ਦਿੱਤਾ ਗਿਆ ਹੈ। ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜੀਆਂ ਦੀ ਜਾਂਚ ਅਤੇ ਸੁਦ੍ਰਿੜੀਕਰਣ ਲਈ ਜਿੰਮੇਵਾਰੀ ਅਤੇ ਬਣੇ ਰਹਿਣ ਲਈ ਸੰਬੰਧਿਤ ਸਵੀਕ੍ਰਿਤੀ ਦੇ ਮਾਮਲਿਆਂ ਨੂੰ ਇਸ ਸੂਚਨਾ ਨੋਟ ਰਾਹੀਂ ਕਵਰ ਕੀਤਾ ਗਿਆ ਹੈ, ਆਰੰਭਿਕ ਮਿਤੀ ਤੋਂ ਲੈ ਕੇ ਅਤੇ 2015 ਐਕਟ ਦੇ ਪ੍ਰਾਵਧਾਨਾਂ ਅਨੁਸਾਰ, ਇੱਥੇ ਸਥਾਂਨਤਰਣ ਕੀਤਾ ਗਿਆ ਹੈ ਆਇਰਿਸ਼ ਨੈਚੁਰਾਲਾਇਜੇਸ਼ਨ ਅਤੇ ਇਮੀਗ੍ਰੇਸ਼ਨ ਸਰਵਿਸ (INIS) ਦਾ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ (IPO)।

3.2 2015 ਐਕਟ ਦੇ ਤਹਿਤ, RAT ਨੂੰ ਵੀ ਸਮਾਪਤ ਕੀਤਾ ਗਿਆ ਹੈ। ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜੀਆਂ ਦੇ ਸੰਬੰਧ ਵਿੱਚ ਅਪੀਲਾਂ ਦੇ ਸੁਦ੍ਰਿੜੀਕਰਣ ਲਈ ਜਿੰਮੇਵਾਰੀ ਨੂੰ ਆਰੰਭਤਾ ਦੀ ਮਿਤੀ ਅਤੇ 2015 ਐਕਟ ਦੇ ਪ੍ਰਾਵਧਾਨਾਂ ਅਨੁਸਾਰ, ਅੰਤਰਰਾਸ਼ਟਰੀ ਸੁਰੱਖਿਆ ਅਪੀਲਜ਼ ਟ੍ਰਿਬਿਊਨਲ (IPAT) ਨੂੰ ਸਥਾਂਨਤਰਤ ਕੀਤਾ ਗਿਆ ਹੈ।

**4. ਆਰੰਭਤਾ ਦੀ ਮਿਤੀ ਤੋਂ ਪਹਿਲਾਂ ਸ਼ਰਣਾਰਥੀ ਰੁਤਬੇ ਅਤੇ ਫਾਈਨਲ ਨਾ ਹੋਈ ਸਹਾਇਕ ਸੁਰੱਖਿਆ ਲਈ ਮੌਜੂਦਾ ਅਰਜੀਆਂ ਲਈ ਅਸਥਾਈ ਪ੍ਰਬੰਧ**

4.1 ਜਦੋਂ ਤੱਕ ਈਯੂ ਡਬਲਿਨ ਅਧਿਨਿਯਮ ਤਹਿਤ ਐਪਲੀਕੇਸ਼ਨ ਦਾ ਨਿਪਟਾਰਾ ਨਾ ਕੀਤਾ ਜਾਏ, ਜਿਸ ਸੂਰਤ ਵਿੱਚ ਕੁੱਝ ਵਿਕਲਪਿਕ ਪ੍ਰਬੰਧ ਲਾਗੂ ਦੇ ਹੁੰਦੇ ਹਨ (ਅੰਤਰਰਾਸ਼ਟਰੀ ਸੁਰੱਖਿਆ ਲਈ ਬਿਨੈਕਾਰਾਂ ਲਈ ਸੂਚਨਾ ਪੁਸਤਿਕਾ ਦੇ ਸੈਕਸ਼ਨ 10 ਨੂੰ ਦੇਖੋ) ਹੇਠਾਂ ਦਿੱਤੇ ਗਏ ਅਸਥਾਈ ਪ੍ਰਬੰਧ ਸ਼ਰਣਾਰਥੀ ਰੁਤਬੇ ਲਈ ਐਪਲੀਕੇਸ਼ਨਾਂ ਅਤੇ ਆਰੰਭਤਾ ਦੀ ਮਿਤੀ ਤੋਂ ਪਹਿਲਾਂ ਤਿਆਰ ਕੀਤੀ ਸਹਾਇਕ ਸੁਰੱਖਿਆ ਤੇ ਲਾਗੂ ਹੋਣਗੇ ਅਤੇ ਜਿਹੜੇ ਉਸ ਮਿਤੀ ਤੇ ਫਾਈਨਲ ਨਹੀਂ ਕੀਤੇ ਗਏ ਸਨ।

**ਸ਼੍ਰੇਣੀ 1 – ORAC ਵਿੱਚ ਸ਼ਰਣਾਰਥੀ ਅਰਜਿਆਂ**

ਜੇਕਰ ਤੁਸੀਂ ਆਰੰਭਤਾ ਦੀ ਮਿਤੀ ਤੋਂ ਪਹਿਲਾਂ ਸ਼ਰਣਾਰਥੀ ਰੁਤਬੇ ਲਈ ਇੱਕ ਅਰਜੀ ਤਿਆਰ ਕੀਤੀ ਹੈ ਪਰ ਉਸ ਮਿਤੀ ਤੱਕ ਸ਼ਰਣਾਰਥੀ ਐਕਟ, 1996 ਦੇ ਸੈਕਸ਼ਨ 13 ਤਹਿਤ ORAC ਦੁਆਰਾ ਇੱਕ ਰਿਪੋਰਟ ਤਿਆਰ ਨਹੀਂ ਕੀਤੀ ਗਈ ਸੀ (ਦੂਜੇ ਸ਼ਬਦਾਂ ਵਿੱਚ, ਇੱਕ ਸੁਝਾਵ ਨਹੀਂ ਦਿੱਤਾ ਗਿਆ ਸੀ), ਤੁਹਾਡੀ ਅਰਜੀ ਨੂੰ 2015 ਐਕਟ ਦੇ ਤਹਿਤ ਅੰਤਰਰਾਸ਼ਟਰੀ ਸੁਰੱਖਿਆ (ਸ਼ਰਣਾਰਥੀ ਰੁਤਬੇ ਅਤੇ ਸਹਾਇਕ ਸੁਰੱਖਿਆ) ਲਈ ਇੱਕ ਅਰਜੀ ਵਜੋਂ ਲਿਆ ਜਾਏਗਾ। ਇਹ ਵਿਚਾਰ ਕਰਨ ਲਈ ਕਿ ਕੀ ਤੁਸੀਂ ਇੱਕ ਸ਼ਰਣਾਰਥੀ ਰੁਤਬੇ ਜਾਂ ਇੱਕ ਸਹਾਇਕ ਸੁਰੱਖਿਆ ਘੋਸ਼ਣਾਂ ਲਈ ਹੱਕਦਾਰ ਹੋ ਇਸ ਲਈ ਤੁਹਾਡੀ ਫਾਇਲ ਨੂੰ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਵਿੱਚ ਸਥਾਂਨਾਤਰਣ ਕੀਤਾ ਗਿਆ ਹੈ।

ਜੇਕਰ ਤੁਸੀਂ ਸ਼ਰਣਾਰਥੀ ਰੁਤਬੇ ਜਾਂ ਸਹਾਇਕ ਸੁਰੱਖਿਆ ਲਈ ਹੱਕਦਾਰ ਹੁੰਦੇ ਨਾ ਲੱਗਦੇ ਹੋਵੋ, ਤਾਂ ਮੰਤਰੀ ਤੁਰੰਤ ਵਿਚਾਰ ਕਰੇਗਾ ਕਿ ਕੀ ਤੁਸੀਂ ਦੂਜੇ ਕਾਰਣਾਂ ਕਰਕੇ ਬਣੇ ਰਹਿਣ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਇਹ ਫੈਸਲਾ ਉਨ੍ਹਾਂ ਸਾਰੇ ਕਾਗਜਾਂ ਦੇ ਆਧਾਰ ਤੇ ਹੋਵੇਗਾ ਜਿਨ੍ਹਾਂ ਨੂੰ ਤੁਸੀਂ ਪਹਿਲਾਂ ਹੀ ਦਾਖਲ ਕੀਤਾ ਹੈ ਅਤੇ ਤੁਹਾਨੂੰ ਬਣੇ ਰਹਿਣ ਲਈ ਇਜਾਜ਼ਤ ਵਾਸਤੇ ਇੱਕ ਨਵੀਂ ਅਰਜੀ ਤਿਆਰ ਕਨਰ ਲਈ ਨਹੀਂ ਕਿਹਾ ਜਾਏਗਾ।

**ਸ਼੍ਰੇਣੀ 2 – ਸ਼ਰਣਾਰਥੀ ਅਪੀਲਾਂ**

ਜੇਕਰ ਸ਼ਰਣਾਰਥੀ ਰੁਤਬੇ ਲਈ ਤੁਹਾਡੀ ਅਰਜੀ ਆਰੰਭਤਾ ਦੀ ਮਿਤੀ ਤੋਂ ਪਹਿਲਾਂ RAT ਲਈ ਇੱਕ ਅਪੀਲ ਤੇ ਸੀ ਪਰ ਉਸ ਮਿਤੀ ਤੱਕ RAT ਦੁਆਰਾ ਫੈਸਲਾ ਨਹੀਂ ਕੀਤਾ ਗਿਆ ਸੀ, ਤਾਂ ਤੁਹਾਨੂੰ 2015 ਐਕਟ ਤਹਿਤ ਅੰਤਰਰਾਸ਼ਟਰੀ ਸੁਰੱਖਿਆ ਲਈ ਐਪਲਾਈ ਕੀਤਾ ਹੋਇਆ ਸਮਝਿਆ ਜਾਏਗਾ। <u>ਤੁਹਾਡੀ ਫਾਇਲ ਨੂੰ ਕੇਵਲ ਸਹਾਇਕ ਸੁਰੱਖਿਆ ਲਈ ਤੁਹਾਡੀ ਪਾਤਰਤਾ ਤੇ ਵਿਚਾਰ ਕਰਨ ਲਈ</u> IPO ਲਈ ਸਥਾਂਨਤਰਿਤ ਕੀਤਾ ਗਿਆ ਹੈ। ਅਜਿਹੀਆਂ ਸੂਰਤਾਂ ਵਿੱਚ, ORAC ਦੁਆਰਾ ਤਿਆਰ ਕੀਤੇ ਗਏ ਤੁਹਾਡੇ ਸ਼ਰਣਾਰਥੀ ਰੁਤਬੇ ਦੀ ਅਰਜੀ ਤੇ ਸੁਝਾਵ ਨੂੰ ਰੱਖਿਆ ਜਾਏਗਾ ਅਤੇ ਲਾਗੂ ਰਹਿਣਗੇ। ਜੇਕਰ IPO ਸੁਝਾਵ ਦਿੰਦਾ ਹੈ ਕਿ ਤੁਹਾਨੂੰ ਸਹਾਇਕ ਸੁਰੱਖਿਆ ਪ੍ਰਦਾਨ ਨਹੀਂ ਕੀਤੀ ਜਾਣੀ ਚਾਹੀਦੀ, ਤਾਂ ਮੰਤਰੀ ਤੁਰੰਤ ਵਿਚਾਰ ਕਰੇਗਾ ਕਿ ਕੀ ਤੁਹਾਨੂੰ ਦੂਜੇ ਕਾਰਣਾਂ ਕਰਕੇ ਬਣੇ ਰਹਿਣ ਲਈ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। RAT ਲਈ ਪਿਛਲੀ ਅਪੀਲ ਨੂੰ ਸੁਰੱਖਿਅਤ ਰੱਖਿਆ ਜਾਏਗਾ ਅਤੇ ਨਵੇਂ IPAT ਲਈ ਸਥਾਂਨਤਰਿਤ ਕੀਤਾ ਜਾਏਗਾ। ਜੇਕਰ ਤੁਹਾਨੂੰ ਸਹਾਇਕ ਸੁਰੱਖਿਆ ਲਈ ਮਨ੍ਹਾਂ ਕੀਤਾ ਜਾਂਦਾ ਹੈ, ਤਾਂ ਤੁਸੀਂ IPAT ਲਈ IPO ਦੇ ਸਹਾਇਕ ਸੁਰੱਖਿਆ ਸੁਝਾਵ ਤੇ ਵੀ ਅਪੀਲ ਕਰ ਸਕਦੇ ਹੋ ਅਤੇ ਦੋਹਾਂ ਅਪੀਲਾਂ ਨੂੰ ਇੱਕ ਮੰਨਿਆ ਜਾਏਗਾ ਅਤੇ ਇਕੱਠਿਆਂ ਸੁਣਿਆ ਜਾਏਗਾ। ਜੇਕਰ ਬਣੇ ਰਹਿਣ ਲਈ ਤੁਹਾਨੂੰ IPO ਦੁਆਰਾ ਮਨ੍ਹਾਂ ਕੀਤਾ ਜਾਂਦਾ ਹੈ, ਤਾਂ ਤੁਹਾਨੂੰ ਨੋਟ ਕਰਨਾ ਚਾਹੀਦਾ ਹੈ ਕਿ 2015 ਐਕਟ ਦੇ ਤਹਿਤ ਤੁਸੀਂ IPAT ਕੋਲ ਬਣੇ ਰਹਿਤ ਲਈ ਇਜਾਜ਼ਤ ਤੇ ਫੈਸਲੇ ਤੇ ਅਪੀਲ ਨਹੀਂ ਕਰ ਸਕਦੇ ਹੋ।

**ਸ਼੍ਰੇਣੀ 3 – ਸਹਾਇਕ ਸੁਰੱਖਿਆ**

ਜੇਕਰ ਤੁਸੀਂ ਆਰੰਭਕ ਮਿਤੀ ਤੋਂ ਪਹਿਲਾਂ ਸਹਾਇਕ ਸੁਰੱਖਿਆ ਲਈ ਅਰਜੀ ਦਿੱਤੀ ਹੈ ਅਤੇ ORAC ਨੇ ਉਸ ਮਿਤੀ ਤੱਕ ਇਸ ਦੀ ਜਾਂਚ ਨੂੰ ਸ਼ੁਰੂ ਨਹੀਂ ਕੀਤਾ ਸੀ, ਤਾਂ ਤੁਹਾਡੀ ਅਰਜੀ ਨੂੰ 2015 ਐਕਟ ਦੇ ਤਹਿਤ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜੀ ਮੰਨਿਆ ਜਾਏਗਾ। ਤੁਹਾਡੀ ਫਾਇਲ ਨੂੰ <u>ਕੇਵਲ ਕਿਸੇ ਵੀ ਸਹਾਇਕ ਸੁਰੱਖਿਆ ਮਾਮਲਿਆਂ ਦੇ ਵਿਚਾਰ ਲਈ</u> IPO ਕੋਲ ਸਥਾਂਨਤਰਿਤ ਕੀਤਾ ਗਿਆ ਹੈ। ਅਜਿਹੀ ਸੂਰਤ ਵਿੱਚ, ORAC ਦੁਆਰਾ ਤਿਆਰ ਕੀਤੀ ਗਈ ਤੁਹਾਡੀ ਸ਼ਰਣਾਰਥੀ ਰੁਤਬਾ ਅਰਜੀ ਤੇ ਸੁਝਾਵ (ਅਪੀਲ ਤੇ RAT ਦਾ ਫੈਸਲਾ, ਜੇਕਰ ਲਾਗੂ ਹੁੰਦਾ ਹੋਵੇ) ਨੂੰ ਰੱਖਿਆ ਜਾਏਗਾ ਅਤੇ ਲਾਗੂ ਰਹੇਗਾ।

**ਦੂਜੀ ਜਾਣਕਾਰੀ**

(i) ਜੇਕਰ ਤੁਸੀਂ ਆਰੰਭਤਾ ਦੀ ਮਿਤੀ ਪਹਿਲਾਂ ਸਹਾਇਕ ਸੁਰੱਖਿਆ ਲਈ ਅਪਲਾਈ ਕੀਤਾ ਹੈ ਅਤੇ ORAC ਨੇ ਉਸ ਮਿਤੀ ਤੱਕ ਅਰਜੀ ਦੀ ਜਾਂਚ ਨੂੰ ਸ਼ੁਰੂ ਨਹੀਂ ਕੀਤਾ ਸੀ, ਤਾਂ ਉਹ ਅਰਜੀ 2015 ਐਕਟ ਦੁਆਰਾ ਪ੍ਰਭਾਵਿਤ ਨਹੀਂ ਹੋਵੇਗੀ, ਇਸ ਤੱਥ ਤੋਂ ਇਲਾਵਾ ਕਿ IPO ORAC ਦੇ ਕਾਰਜਾਂ ਨੂੰ ਕਰਦੀ ਹੈ। ਪਹਿਲਾਂ ਤੋਂ ਮੌਜੂਦ ਕਾਨੂੰਨ ਲਾਗੂ ਹੋਣਾ ਜਾਰੀ ਰਹਿੰਦਾ ਹੈ ਅਤੇ IPO ਪੁਰਾਣੀਆਂ ਪ੍ਰਕਿਰਿਆਵਾਂ ਤਹਿਤ ਤੁਹਾਡੀ ਅਰਜੀ ਦੀ ਜਾਂਚ ਕਰੇਗੀ।

(ii) ਜੇਕਰ ਤੁਸੀਂ ਸਹਾਇਕ ਸੁਰੱਖਿਆ ਲਈ ਇੱਕ ਅਰਜੀ ਤਿਆਰ ਕੀਤੀ ਹੈ ਅਤੇ ਇਹ ਅਰਜੀ ਆਰੰਭਤਾ ਦੀ ਮਿਤੀ ਤੋਂ ਪਹਿਲਾਂ RAT ਕੋਲ ਅਪੀਲ ਤੇ ਹੈ, ਤਾਂ ਅਪੀਲ ਨੂੰ IPAT ਕੋਲ ਸਥਾਂਨਤਰਿਤ ਕੀਤਾ ਜਾਏਗਾ ਜਿਹੜਾ ਪਹਿਲਾਂ ਤੋਂ ਮੌਜੂਦ ਕਾਨੂੰਨ ਦੇ ਤਹਿਤ ਇਸ ਤੇ ਫੈਸਲਾ ਕਰੇਗਾ।

**5. ਬਣੇ ਰਹਿਣ ਲਈ ਇਜਾਜ਼ਤ**

5.1 IPO ਨੂੰ ਸੁਝਾਵ ਦੇਣਾ ਚਾਹੀਦਾ ਹੈ ਕਿ 2015 ਐਕਟ ਤਹਿਤ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜੀ ਨੂੰ ਮਨ੍ਹਾ ਕੀਤਾ ਗਿਆ ਹੈ (ਭਾਵੇਂ ਇੱਕ ਸ਼ਰਣਾਰਥੀ ਰੁਤਬੇ ਅਤੇ ਸਹਾਇਕ ਸੁਰੱਖਿਆ ਜਾਂ ਕੇਵਲ ਸਹਾਇਕ ਸੁਰੱਖਿਆ ਦੇ ਸੰਬੰਧ ਵਿੱਚ), ਫਿਰ ਇੱਕ ਫੈਸਲਾ ਕੀਤਾ ਜਾਏਗਾ ਕਿ ਕੀ ਤੁਹਾਨੂੰ ਕਿਸੇ ਹੋਰ ਆਧਾਰ ਤੇ ਰਾਜ ਵਿੱਚ ਰਹਿਣ ਲਈ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ।

5.2 ਇਹ ਨੋਟ ਕਰਨਾ ਮਹੱਤਵਪੂਰਣ ਹੈ ਕਿ ਪ੍ਰਕਿਰਿਆਵਾਂ ਨੂੰ ਬਦਲਿਆ ਗਿਆ ਹੈ ਜਿੱਥੇ 2015 ਐਕਟ ਲਾਗੂ ਹੁੰਦਾ ਹੈ ਕਿਉਂਕਿ ਮੰਤਰੀ ਤੁਹਾਨੂੰ ਪੇਸ਼ਕਾਰੀਆਂ ਕਰਨ ਲਈ ਬੁਲਾਉਣ ਲਈ ਨਹੀਂ ਲਿਖੇਗਾ ਕਿ ਤੁਹਾਨੂੰ ਰਾਜ ਵਿੱਚ ਰਹਿਣ ਲਈ ਇਜਾਜ਼ਤ ਕਿਉਂ ਦੇਣੀ ਚਾਹੀਦੀ ਹੈ। ਬਾਵਜੂਦ, ਇਸ ਤੇ IPO ਦੁਆਰਾ ਵਿਚਾਰ ਕੀਤਾ ਜਾਏਗਾ ਕਿ ਕੀ ਇਹ ਸੁਝਾਵ ਦੇਣਾ ਚਾਹੀਦਾ ਹੈ ਕਿ ਅੰਤਰਰਾਸ਼ਟਰੀ ਸੁਰੱਖਿਆ ਲਈ ਤੁਹਾਡੀ ਅਰਜੀ ਨੂੰ ਅਸਵੀਕਾਰ ਕੀਤਾ ਜਾਣਾ ਹੈ। ਇਹ ਫੈਸਲਾ ਤੁਹਾਡੇ ਕੇਸ ਵਿੱਚ ਪਹਿਲਾਂ ਹੀ ਮੁਹੱਈਆ ਕੀਤੀ ਗਈ ਜਾਣਕਾਰੀ ਅਤੇ ਕਾਗਜਾਤ ਦੇ ਆਧਾਰ ਤੇ ਕੀਤਾ ਜਾਏਗਾ।

5.3 ਇਸ ਲਈ, ਜੇਕਰ ਤੁਹਾਡਾ ਕੇਸ ਅਜਿਹਾ ਹੋਵੇ ਜਿਸ ਨੂੰ 2015 ਐਕਟ ਦੇ ਤਹਿਤ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜੀ ਵਜੋਂ ਵਿਚਾਰ ਲਈ IPO ਕੋਲ ਸਥਾਂਤਰਿਤ ਕੀਤਾ ਗਿਆ ਹੋਵੇ, ਤਾਂ ਤੁਹਾਨੂੰ ਉਨ੍ਹਾਂ ਕਿਸੇ ਵੀ ਕਾਰਣਾਂ ਨੂੰ **ਲਿਖਤੀ ਰੂਪ ਵਿੱਚ** ਸਥਾਪਿਤ ਕਰਨਾ ਚਾਹੀਦਾ ਹੈ ਕਿ ਤੁਸੀ ਕਿਉਂ ਸਮਝਦੇ ਹੋ ਕਿ ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ (IPO 2) ਲਈ ਅਰਜੀ ਦੇ ਢੁਕਵੇਂ ਭਾਗ ਵਿੱਚ ਬਣੇ ਰਹਿਣ ਲਈ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਉਦਾਹਰਣ ਵਜੋਂ, ਤੁਹਾਡਾ ਪਰਿਵਾਰ ਅਤੇ ਘਰੇਲੂ ਹਾਲਾਤ, ਰਾਜ ਨਾਲ ਤੁਹਾਡੇ ਸੰਬੰਧ ਦੀ ਪ੍ਰਕਿਰਤੀ, ਰਾਜ ਦੇ ਅੰਦਰ ਅਤੇ ਬਾਹਰ ਤੁਹਾਡਾ ਚਰਿੱਤਰ ਅਤੇ ਆਚਰਣ ਅਤੇ ਮਨੁੱਖੀ ਵਿਚਾਰ ਸਾਰੇ ਹੀ ਸੰਭਾਵਿਤ ਢੁਕਵੇਂ ਮਾਮਲੇ ਹਨ। ਢੁਕਵੇਂ ਮਾਮਲਿਆਂ ਦੀ ਇੱਕ ਸੰਪੂਰਣ ਵਿਆਖਿਆ ਲਈ, ਕਿਰਪਾ ਕਰਕੇ ਅੰਤਰਰਾਸ਼ਟਰੀ ਸੁਰੱਖਿਆ (IPO 1) ਲਈ ਬਿਨੈਕਾਰਾਂ ਲਈ ਸੂਚਨਾ ਪੁਸਤਿਕਾ ਦੇਖੋ।

5.4 <u>ਤੁਹਾਨੂੰ ਆਪਣੀਆਂ ਪ੍ਰਸਥਿਤੀਆਂ ਵਿੱਚ ਕਿਸੇ ਵੀ ਬਦਲਾਵ ਬਾਰੇ IPO (ਮੰਤਰੀ ਦੇ ਆਧਾਰ ਤੇ) ਨੂੰ ਸੂਚਿਤ ਕਰਦੇ ਰਹਿਣਾ ਚਹੀਦਾ ਹੈ ਜਿਹੜੀਆਂ ਢੁਕਵੀਆਂ ਹੋਣ (ਉਦਾਹਰਣ ਵਜੋਂ ਤੁਹਾਡੇ ਮੂਲ ਦੇਸ਼ ਵਿੱਚ ਤੁਹਾਡਾ ਪਰਿਵਾਰ ਜਾਂ ਘਰੇਲੂ ਪ੍ਰਸਥਿਤੀਆਂ ਜਾਂ ਹਾਲਾਤ)।</u>

## 6. ਜੇਕਰ ਮੈਂ ਅਸਥਾਈ ਪ੍ਰਬੰਧਾਂ ਰਾਹੀਂ ਕਵਰ ਕੀਤਾ ਗਿਆ ਹਾਂ ਤਾਂ ਕੀ ਮੈਨੂੰ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਹੋਰ ਅਰਜੀ ਤਿਆਰ ਕਰਨ ਦੀ ਲੋੜ ਹੁੰਦੀ ਹੈ?

6.1 ਜੇਕਰ ਤੁਹਾਡੀ ਅਰਜੀ ਅੰਤਰਰਾਸ਼ਟਰੀ ਸੁਰੱਖਿਆ ਲਈ ਉੱਪਰ ਸੈਕਸ਼ਨ 4 ਵਿੱਚ ਦਰਸਾਈਆਂ ਸ਼੍ਰੇਣੀਆਂ ਵਿੱਚੋਂ ਇੱਕ ਹੈ, ਤਾਂ ਤੁਹਾਨੂੰ ਮੰਤਰੀ ਕੋਲ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਨਵੀਂ ਅਰਜੀ ਤਿਆਰ ਕਰਨ ਦੀ ਲੋੜ ਨਹੀਂ ਹੁੰਦੀ ਪਰ ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ (IPO 2) ਲਈ ਅਰਜੀ ਦੇ ਢੁਕਵੇਂ ਭਾਗਾਂ ਨੂੰ ਪੂਰਾ ਕਰਨ ਦੇ ਸੰਬੰਧ ਵਿੱਚ ਹੇਠਾਂ ਸੈਕਸ਼ਨ 7 ਵਿੱਚ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

## 7. ਅੰਤਰਰਾਸ਼ਟਰੀ ਸੁਰੱਖਿਆ ਲਈ ਅਰਜੀ ਨੂੰ ਪੂਰਾ ਕਰਨਾ

7.1 ਜੇਕਰ ਤੁਹਾਡੀ ਅਰਜੀ ਉੱਪਰ ਸੈਕਸ਼ਨ 4 ਵਿੱਚ ਸਥਾਪਿਤ ਸ਼੍ਰੇਣੀਆਂ 1, 2 ਜਾਂ 3 ਤਹਿਤ ਅੰਤਰਰਾਸ਼ਟਰੀ ਸੁਰੱਖਿਆ ਲਈ ਇੱਕ ਅਰਜੀ ਸਮਝਿਆ ਗਿਆ ਹੈ, ਤਾਂ ਤੁਹਾਨੂੰ ਹੇਠਾਂ ਦਿੱਤੇ ਅਨੁਸਾਰ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ ਲਈ ਅਰਜੀ ਨੂੰ ਪੂਰਾ ਕਰਨਾ ਚਾਹੀਦਾ ਹੈ:

**ਸ਼੍ਰੇਣੀ 1 ਕੇਸ (ਬਣੇ ਰਹਿਣ ਲਈ ਸ਼ਰਣਾਰਥੀ ਰੁਤਬਾ, ਸਹਾਇਕ ਸੁਰੱਖਿਆ ਅਤੇ ਸਵੀਕ੍ਰਿਤੀ)**

ਕਿਰਪਾ ਕਰਕੇ ਪ੍ਰਸ਼ਨਾਵਲੀ ਨੂੰ ਪੂਰੀ ਤਰ੍ਹਾਂ **ਪੂਰਾ ਕਰੋ।**

**ਸ਼੍ਰੇਣੀ 2 ਕੇਸ (ਬਣੇ ਰਹਿਣ ਲਈ ਸਹਾਇਕ ਸੁਰੱਖਿਆ ਅਤੇ ਸਵੀਕ੍ਰਿਤੀ)**

ਕਿਰਪਾ ਕਰਕੇ ਪ੍ਰਸ਼ਨਾਵਲੀ ਨੂੰ ਪੂਰਾ ਕਰੋ ਪਰ ਸ਼ਰਣਾਰਥੀ ਰੁਤਬੇ ਨਾਲ ਸੰਬੰਧਿਤ ਸੈਕਸ਼ਨ ਨੂੰ ਪੂਰਾ ਨਾ ਕਰੋ (ਪ੍ਰਸ਼ਨ **63ਏ ਅਤੇ 63ਬੀ**)।

**ਸ਼੍ਰੇਣੀ 3 ਕੇਸ (ਬਣੇ ਰਹਿਣ ਲਈ ਸਹਾਇਕ ਸੁਰੱਖਿਆ ਅਤੇ ਸਵੀਕ੍ਰਿਤੀ)**

ਕਿਰਪਾ ਕਰਕੇ ਪ੍ਰਸ਼ਨਾਵਲੀ ਨੂੰ ਪੂਰਾ ਕਰੋ ਪਰ ਸ਼ਰਣਾਰਥੀ ਰੁਤਬੇ ਨਾਲ ਸੰਬੰਧਿਤ ਸੈਕਸ਼ਨ ਨੂੰ ਪੂਰਾ ਨਾ ਕਰੋ (ਪ੍ਰਸ਼ਨ **63ਏ ਅਤੇ 63ਬੀ**)।

7.2 ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੇ ਅਰਜੀ ਦੇ ਸਮਰਥਨ ਵਿੱਚ **ਲਿਖਤੀ ਰੂਪ ਵਿੱਚ** ਕੋਈ ਵੀ ਵਾਧੂ ਜਾਣਕਾਰੀ ਪ੍ਰਦਾਨ ਕਰਨ ਦੇ ਅਧਿਕਾਰੀ ਵੀ ਹੋ ਜਿਸ ਨੂੰ ਤੁਸੀਂ ਉਚਿੱਤ ਸਮਝਦੇ ਹੋਵੋ। ਤੁਹਾਨੂੰ ਆਪਣੀ ਅਰਜੀ ਦੇ ਸੰਬੰਧ ਵਿੱਚ ਉਹ ਕੋਈ ਵੀ ਦਸਤਾਵੇਜ਼ ਦਾਖਲ ਕਰਨ ਦੀ ਲੋੜ ਨਹੀਂ ਹੁੰਦੀ ਜੋ ਤੁਸੀਂ ਪਹਿਲਾਂ ਹੀ ਦਾਖਲ ਕਰ ਚੁੱਕੇ ਹੋਵੋ ਕਿਉਂਕਿ ਇਹ ਸਾਰੇ ਹੀ ਤੁਹਾਡੀ ਫਾਇਲ ਵਿੱਚ ਹੋਣਗੇ।

7.3 ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜੀ ਦੇ ਸਮਰਥਨ ਵਿੱਚ ਉਸ ਕਿਸੇ ਵੀ ਵਾਧੂ ਜਾਣਕਾਰੀ ਨਾਲ ਜਿਸ ਤੇ ਤੁਸੀਂ ਨਿਰਭਰ ਕਰਦੇ ਹੋਵੋ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ (IPO 2) ਅਤੇ ਬਣੇ ਰਹਿਣ ਲਈ (ਜੇਕਰ ਕੋਈ ਹੋਵੇ) ਅਰਜੀ ਵਾਪਸ ਕਰਨੀ ਚਾਹੀਦੀ ਹੈ, ਜੇਕਰ ਸੰਭਵ ਹੋਵੇ, ਕਵਰਿੰਗ ਪੱਤਰ ਦੀ ਮਿਤੀ ਤੋਂ **20 ਕੰਮਕਾਜੀ ਦਿਨਾਂ ਤੋਂ ਪਹਿਲਾਂ** ਜਿਸ ਨੂੰ ਤੁਸੀਂ ਇੱਥੇ ਨੱਥੀ ਕੀਤੇ ਗਏ ਫਰੀਪੋਸਟ ਲਿਫਾਫੇ ਵਿੱਚ ਇਸ ਜਾਣਕਾਰੀ ਨੋਟ ਨਾਲ ਪ੍ਰਾਪਤ ਕੀਤਾ ਹੈ

**Transitional Cases Section,**
**International Protection Office,**
**Irish Naturalisation and Immigration Service,**
**79 - 83 Lower Mount Street,**
**Dublin 2,**
**D02 ND99**

7.4 **ਜੇਕਰ ਤੁਹਾਨੂੰ ਅਤੇ/ਜਾਂ ਤੁਹਾਡੇ ਕਾਨੂੰਨੀ ਸਲਾਹਕਾਰ ਨੂੰ ਉੱਪਰ ਪੈਰਾ 7.3 ਵਿੱਚ ਦਿੱਤੀ ਜਾਣਕਾਰੀ ਨੂੰ ਦਾਖਲ ਕਰਨ ਤੋਂ ਬਾਅਦ ਪੂਰਕ ਜਾਣਕਾਰੀ ਨੂੰ IPO ਕੋਲ ਮੁਹੱਈਆ ਕਰਨ ਦੀ ਲੋੜ ਹੁੰਦੀ ਹੈ, ਤਾਂ ਤੁਹਾਨੂੰ ਜਿੰਨੀ ਜਲਦੀ ਸੰਭਵ ਹੋਵੇ ਅਜਿਹਾ ਕਰਨਾ ਚਾਹੀਦਾ ਹੈ ਅਤੇ, ਜੇਕਰ ਤੁਸੀਂ ਅਜਿਹਾ ਕਰਨ ਦੀ ਪੋਜੀਸ਼ਨ ਵਿੱਚ ਹੁੰਦੇ ਹੋ, ਆਪਣੀ ਨਿਰਧਾਰਿਤ ਮੁਲਾਕਾਤ ਦੀ ਮਿਤੀ ਤੋਂ ਦੋ ਹਫ਼ਤੇ ਦੇ ਅੰਦਰ ਅੰਦਰ। ਇਹ ਟਾਈਮਸਕੇਲ ਦਸਤਾਵੇਜਾਂ ਦੇ ਅਨੁਵਾਦ ਦੀ ਸੁਵਿਧਾ ਦੇਵੇਗੀ ਜੇਕਰ ਲੋੜ ਹੋਵੇ ਅਤੇ ਸੁਨਿਸ਼ਚਿਤ ਕਰਦੀ ਹੈ ਕਿ IPO ਇੰਟਰਵਿਊਰ ਕੋਲ ਤੁਹਾਡੇ ਸਾਰੇ ਦਸਤਾਵੇਜ਼ ਉਪਲਬਧ ਹਨ ਅਤੇ ਇੰਟਰਵਿਊ ਤੇ ਮਿਤੀ ਤੇ ਪਹਿਲਾਂ ਹੀ ਵਿਚਾਰ ਕੀਤਾ ਗਿਆ ਹੈ।**

## 8. ਅੰਤਰਰਾਸ਼ਟਰੀ ਸੁਰੱਖਿਆ ਐਕਟ 2015 ਤਹਿਤ ਮੇਰੀ ਇੰਟਰਵਿਊ ਕਦੋਂ ਲਈ ਜਾਏਗੀ?

8.1 ਜਦੋਂ ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਪ੍ਰਸ਼ਨਾਵਲੀ (IPO 2) ਲਈ ਆਪਣੀ ਅਰਜੀ ਅਤੇ ਸੈਕਸ਼ਨ 7 ਅਨੁਸਾਰ ਨੱਥੀ ਕੀਤੀ ਕਿਸੇ ਵੀ ਜਾਣਕਾਰੀ ਨੂੰ ਪੂਰਾ ਕਰ ਲਿਆ ਹੈ ਅਤੇ ਇਸ ਨੂੰ ਵਾਪਸ ਕਰ ਦਿੱਤਾ ਹੈ, ਤਾਂ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਤੁਹਾਡੀ ਇੰਟਰਵਿਊ ਲਈ ਪ੍ਰਬੰਧਾਂ ਬਾਰੇ ਉਚਿਤ ਸਮੇਂ ਤੇ ਤੁਹਾਡੇ ਸੰਪਰਕ ਵਿੱਚ ਰਹੇਗਾ ਜੇਕਰ ਲੋੜ ਹੋਵੇ। IPO ਦੁਆਰਾ ਬਹੁਤ ਸਾਰੀਆਂ ਅਰਜੀਆਂ ਤੇ ਪ੍ਰਕਿਰਿਆ ਕਰਨ ਦੇ ਕਾਰਣ ਕਈ ਮਹੀਨਿਆਂ ਤੱਕ ਤੁਹਾਡੀ ਮੁਲਾਕਾਤ ਨੂੰ ਤੈਅ ਨਹੀਂ ਵੀ ਕੀਤਾ ਜਾ ਸਕਦਾ ਹੈ।

8.2 ਇੱਕ ਮੁਲਾਕਾਤ ਦੀ ਬੇਨਤੀ ਲਈ ਤੁਹਾਨੂੰ ਅੰਤਰਰਾਸ਼ਟਰੀ ਸੁਰੱਖਿਆ ਦਫ਼ਤਰ ਨਾਲ ਸਿੱਧਿਆਂ ਜਾਂ ਅਸਿੱਧਿਆਂ ਸੰਪਰਕ ਕਰਨ ਦੀ ਲੋੜ **ਨਹੀਂ** ਹੁੰਦੀ।

## 9. IPAT ਦੁਆਰਾ ਮੇਰੀ ਅਪੀਲ ਨੂੰ ਕਦੋਂ ਸੁਣਿਆ ਜਾਏਗਾ?

9.1 ਜੇਕਰ ਤੁਹਾਡੇ ਕੋਲ ਇੱਕ ਬਕਾਇਆ ਸ਼ਰਣਾਰਥੀ ਅਪੀਲ ਹੋਵੇ ਜਿਸ ਬਾਰੇ ਆਰੰਭਕ ਮਿਤੀ ਤੋਂ ਪਹਿਲਾਂ ਫੈਸਲਾ ਨਹੀਂ ਕੀਤਾ ਗਿਆ ਸੀ, ਤਾਂ ਉੱਪਰ ਸੈਕਸ਼ਨ 4 ਵਿੱਚ ਦਰਸਾਏ ਅਨੁਸਾਰ ਤੁਹਾਡੀ ਫਾਇਲ ਨੂੰ ਸਥਾਂਨਤਰਿਤ ਕੀਤਾ ਜਾਏਗਾ।

9.2 ਜੇਕਰ ਤੁਹਾਡੇ ਕੋਲ ਇੱਕ ਬਕਾਇਆ ਸਹਾਇਕ ਸੁਰੱਖਿਆ ਅਪੀਲ ਹੋਵੇ, ਤਾਂ ਇਸ ਨੂੰ IPAT ਦੁਆਰਾ ਸੁਣਿਆ ਜਾਏਗਾ ਅਤੇ ਤੁਹਾਨੂੰ IPAT ਦੁਆਰਾ ਸੁਣਵਾਈ ਮਿਤੀ ਬਾਰੇ ਸੂਚਿਤ ਕੀਤਾ ਜਾਏਗਾ।

## 10. ਹੋਰ ਜਾਣਕਾਰੀ

10.1 ਇਸ ਸੂਚਨਾ ਨੋਟ ਦੀ ਸਮੱਗਰੀ ਨਾਲ ਸੰਬੰਧਿਤ ਕੋਈ ਵੀ ਇਨਕੁਆਰੀ **ਲਿਖਤੀ ਰੂਪ ਵਿੱਚ** ਇਸ ਨੂੰ ਸੰਦ੍ਰਭਿਤ ਹੋਣੀ ਚਾਹੀਦੀ ਹੈ, Customer Service Centre, International Protection Office, Irish Naturalisation and Immigration Service, 79-83 Lower Mount Street, Dublin 2 ਜਾਂ **info@ipo.gov.ie** ਤੇ।

10.2 ਅੰਤਰਰਾਸ਼ਟਰੀ ਸੁਰੱਖਿਆ ਐਕਟ 2015 ਅਤੇ ਨੱਥੀ ਕੀਤੇ ਗਏ ਵਿਧਾਨਕ ਉਪਕਰਣਾਂ ਨੂੰ ਪੂਰੀ ਤਰ੍ਹਾਂ ਨਾਲ **www.ipo.gov.ie** ਤੇ ਦੇਖਿਆ ਜਾ ਸਕਦਾ ਹੈ।

10.3 ਇਹ ਸੂਚਨਾ ਨੋਟ ਉੱਪਰ ਦਿੱਤੇ ਗਏ ਈ ਮੇਲ ਪਤੇ ਤੇ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ।

10.4 ਤੁਸੀਂ ਅੰਤਰਰਾਸ਼ਟਰੀ ਸਰੁੱਖਿਆ ਲਈ ਆਪਣੀ ਅਰਜੀ ਨਾਲ ਸੰਬੰਧਿਤ ਜਾਂ ਬਣੇ ਰਹਿਣ ਲਈ ਸਵੀਕ੍ਰਿਤੀ ਵਾਸਤੇ ਕਾਨੂੰਨੀ ਸਹਾਇਤਾ ਬੋਰਡ ਦੀਆਂ ਸੇਵਾਵਾਂ ਵੀ ਪ੍ਰਾਪਤ ਕਰ ਸਕਦੇ ਹੋ। ਵਿਕਲਪਿਕ ਤੌਰ ਤੇ, ਤੁਸੀਂ ਆਪਣੇ ਖਰਚੇ ਤੇ ਇੱਕ ਨਿੱਜੀ ਸਾਲਿਸਟਰ ਨਾਲ ਸਲਾਹ ਮਸ਼ਵਰਾ ਕਰ ਸਕਦੇ ਹੋ।

10.5 ਤੁਸੀਂ ਅੰਤਰਰਾਸ਼ਟਰੀ ਸੁਰੱਖਿਆ ਲਈ ਆਪਣੀ ਅਰਜੀ ਦੇ ਸੰਬੰਧ ਵਿੱਚ ਸ਼ਰਣਾਰਥੀਆਂ ਲਈ ਯੂਨਾਇਟਿਡ ਨੇਸ਼ਨਜ਼ ਹਾਈ ਕਮਿਸ਼ਨਰ ਨਾਲ ਵੀ ਸਲਾਹ ਮਸ਼ਵਰਾ ਕਰ ਸਕਦੇ ਹੋ।

10.6 ਇਸ ਸੂਚਨਾ ਨੋਟ ਵਿੱਚ ਦਰਸਾਈਆਂ ਗਈਆਂ ਸੰਸਥਾਵਾਂ ਲਈ ਸੰਪਰਕ ਵੇਰਵੇ ਅੰਤਿਕਾ **1** ਵਿੱਚ ਉਪਲਬਧ ਹਨ।

**ਇੰਟਰਨੈਸ਼ਨਲ ਪ੍ਰੋਟੈਕਸ਼ਨ ਔਫਿਸ ਆਇਰਿਸ਼**
**ਨੈਚੁਰਾਲਾਇਜੇਸ਼ਨ ਅਤੇ ਇਮੀਗ੍ਰੇਸ਼ਨ ਸਰਵਿਸ**
**ਜਨਵਰੀ 2017**

ਅੰਤਿਕਾ **1**

ਕੁੱਝ ਸੰਪਰਕ ਵੇਰਵੇ

**International Protection Office**
Irish Naturalisation and Immigration Service,
79-83 Lower Mount Street,
Dublin 2. D02 ND99
ਟੈਲੀਫੋਨ: 01 6028000

ਫੈਕਸ: 01 602 8122

ਵੈਬਸਾਈਟ: www.ipo.gov.ie

ਈਮੇਲ: info@ipo.gov.ie

**International Protection Appeals Tribunal**
6/7 Hanover Street,
Dublin 2. D02 W320
ਟੈਲੀਫੋਨ: 01 474 8400

ਲੋ-ਕਾਲ: 1890 210 458

ਫੈਕਸ: 01 474 8410

ਵੈਬਸਾਈਟ: www.protectionappeals.ie

ਈਮੇਲ: info@protectionappeals.ie

**Legal Aid Board**
Legal Aid Board Law Centre - Smithfield,
48/49 North Brunswick Street,
Georges Lane,
Dublin 7. D07 PE0C ਟੈ

ਲੀਫੋਨ:  01 646 9600.

ਵੈਬਸਾਈਟ: www.legalaidboard.ie

ਈਮੇਲ: lawcentresmithfield@legalaidboard.ie

**International Organisation for Migration**
116 Lower Baggot Street,
Dublin 2. D02 R252
ਫਰੀਫੋਨ: 1800 406 406

ਟੈਲੀਫੋਨ: +353 1 676 0655

ਵੈਬਸਾਈਟ: www.ireland.iom.int

ਈਮੇਲ:  iomdublin@iom.int

**United Nations High Commissioner for Refugees (UNHCR)**
102 Pembroke Road,
Ballsbridge,
Dublin 4. D04 E7N6
ਟੈਲੀਫੋਨ: 01 6314510

ਈਮੇਲ: iredu@unchr.org